



ਮੀਂਹ ਦੇ ਪਾਣੀ ਦੀਆਂ ਨਾਲੀਆਂ ਦੇ ਨਿਸ਼ਾਨ ਸਾਨੂੰ ਯਾਦ ਦਿਵਾਉਂਦੇ ਹਨ ਅਸੀਂ ਸਾਰੇ ਆਪਣੇ ਆਲੇ ਦੁਆਲੇ ਦੇ ਵਾਤਾਵਰਣ ਨਾਲ ਜੁੜੇ ਹੋਏ ਹਾਂ।

# ਕੰਕਰੀਟ ਅਤੇ ਸੜਕ ਬਣਾਉਣ ਦਾ ਮਸਾਲਾ

ਮੀਂਹ ਦੇ ਪਾਣੀ ਨੂੰ ਗੰਦਾ ਹੋਣ ਤੋਂ ਬਚਾਅ ਕੇ ਆਪਣੇ ਜਲ ਜੀਵੀ ਵਾਤਾਵਰਣ ਦੀ ਰਾਖੀ ਕਰੋ

## ਤਰਲ ਪਦਾਰਥਾਂ ਨੂੰ ਡੁੱਲਣ ਤੋਂ ਬਚਾਉਣਾ

ਕੰਕਰੀਟ, ਕੰਕਰੀਟ ਵਾਲੇ ਗੰਦੇ ਪਾਣੀ ਅਤੇ ਬਜਰੀ ਨੂੰ ਸਾਫ ਕਰਨ ਲਈ ਵਰਤੇ ਰਸਾਇਣਾਂ ਦੇ ਡੁੱਲਣ ਨੂੰ ਰੋਕਣਾ ਚਾਹੀਦਾ ਹੈ ਤਾਂ ਜੋ ਉਹ ਸੜਕਾਂ, ਗਲੀਆਂ ਅਤੇ ਹੋਰ ਅਜੇਹੀਆਂ ਥਾਵਾਂ ਤੇ ਵੱਗ ਕੇ ਨਾ ਚਲੇ ਜਾਣ ਜਿੱਥੋਂ ਉਹ ਮੀਂਹ ਦੇ ਪਾਣੀ ਦੀਆਂ ਨਾਲੀਆਂ ਵਿੱਚ ਜਾ ਸਕਦੇ ਹਨ।

ਵਾਤਾਵਰਣ ਨੂੰ ਨੁਕਸਾਨ ਪਹੁੰਚਾਉਣ ਵਾਲੀ ਕਿਸੇ ਚੀਜ਼ ਦੇ ਗਲਤੀ ਨਾਲ ਡੁੱਲਣ ਤੇ ਤੁਰੰਤ ਪ੍ਰੋਵਿੰਸ਼ੀਅਲ ਐਮਰਜੈਂਸੀ ਪ੍ਰੋਗਰਾਮ (ਪੀ ਈ ਪੀ) ਨਾਲ 1.800.663.3456 ਤੇ ਸੰਪਰਕ ਕਰੋ।ਜੇ ਇਸ ਰਸਾਇਣ ਨੂੰ ਅੱਗ ਲੱਗ ਸਕਦੀ ਹੋਵੇ ਜਾਂ ਇਹ ਜ਼ਹਿਰੀਲਾ, ਖਾਰਨ ਵਾਲਾ ਜਾਂ ਹੋਰ ਤਰਾਂ ਖਤਰਨਾਕ ਹੋਵੇ ਤੁਰੰਤ ਸਰੀ ਫਾਇਰ ਡਿਪਾਰਟਮੈਂਟ ਨੂੰ 911 ਤੇ ਫੋਨ ਕਰੋ।

ਮੀਂਹ ਦੇ ਪਾਣੀ ਦੀਆਂ ਨਾਲੀਆਂ ਵਿੱਚ ਪ੍ਰਦੂਸ਼ਣ ਫੈਲਾਉਣ ਵਾਲੇ ਵਿਅਕਤੀ ਨੂੰ ਹੇਠ ਲਿਖੇ ਵਾਤਾਵਰਣ ਕਾਨੂੰਨ ਦੇ ਅਧੀਨ ਜ਼ੁਮੇਵਾਰ ਠਹਿਰਾਇਆ ਜਾ ਸਕਦਾ ਹੈ:

- ਫੈਡਰਲ ਫਿਸ਼ਰੀਜ਼ ਐਕਟ
- ਬੀ ਸੀ ਹੈਜ਼ਾਰਡਰਸ ਵੇਸਟ ਰੈਗੂਲੇਸ਼ਨ
- ਬੀ ਸੀ ਇਨਵਾਰਨਮੈਂਟਲ ਮੈਨੇਜਮੈਂਟ ਐਕਟ
- ਸਰੀ ਬਾਈ-ਲਾਅ ਨੰ. 16138
- ਸਰੀ ਬਾਈ-ਲਾਅ ਨੰ. 16610

## ਵਧੇਰੇ ਜਾਣਕਾਰੀ ਲਈ

ਬੀ ਸੀ ਰੈਡੀ-ਮਿਕਸ ਕੰਕਰੀਟ ਐਸੋਸੀਏਸ਼ਨ
604.881.2522

ਸਿਟੀ ਆਫ ਸਰੀ, ਪਲੰਬਿੰਗ ਸੈਕਸ਼ਨ
604.591.4245

ਸਿਟੀ ਆਫ ਸਰੀ
ਡਰੇਨੇਜ ਐਂਡ ਇਨਵਾਇਰਨਮੈਂਟ ਸੈਕਸ਼ਨ

604.591.4321

ਬੀ ਸੀ ਮਨਿਸਟਰੀ ਆਫ ਇਨਵਾਇਰਨਮੈਂਟ
604.582.5200

ਜੇ ਤੁਸੀਂ ਡੁੱਲੇ ਹੋਏ ਤੇਲ ਜਾਂ ਰਸਾਇਣਾਂ ਨੂੰ ਮੀਂਹ ਦੇ ਪਾਣੀ ਦੀ ਨਾਲੀ ਵਿੱਚ ਵਗਦੇ ਵੇਖੋ ਤਾਂ ਕ੍ਰਿਪਾ ਕਰਕੇ ਸਿਟੀ ਆਫ ਸਰੀ ਦੇ ਇੰਜਨੀਅਰਿੰਗ ਵਿਭਾਗ ਨਾਲ ਇਹਨਾਂ ਨੰਬਰਾਂ ਤੇ ਸੰਪਰਕ ਕਰੋ:
604.590.7226, ਬਾਅਦ ਦੁਪਹਿਰ 4:30 ਤੋਂ ਬਾਅਦ
604.591.4431 ਤੇ।

09238

www.surrey.ca

CITY OF SURREY





ਜੇਕਰ ਤੁਸੀਂ ਸੜਕ ਬਣਾਉਣ ਦਾ ਮਸਾਲਾ ਵਰਤਦੇ ਹੋ, ਇਮਾਰਤਾਂ ਅਤੇ ਸੜਕਾਂ ਦੀ ਉਸਾਰੀ, ਸਾਈਡਵਾਕ, ਸੜਕ ਦੇ ਕਿਨਾਰੇ ਅਤੇ ਗਟਰ ਦੀ ਮੁਰੰਮਤ ਜਾਂ ਡਰਾਈਵਵੇਅ ਨੂੰ ਪੱਕਾ ਕਰਨ ਲਈ ਕੰਕਰੀਟ ਪਾਉਂਦੇ ਹੋ ਤਾਂ ਇਹ ਕਿਤਾਬਚਾ ਲਾਗੂ ਹੁੰਦਾ ਹੈ।

ਜੇਕਰ ਕੰਕਰੀਟ ਅਤੇ ਸੜਕ ਬਣਾਉਣ ਦੇ ਮਸਾਲੇ ਦੀ ਵਰਤੋਂ ਤੋਂ ਬਚਣ ਵਾਲੀ ਸਮੱਗਰੀ ਸਿੱਧੇ ਜਾਂ ਅਸਿੱਧੇ ਤਰੀਕੇ ਨਾਲ ਪੱਕੇ ਫਰਸ਼ ਤੇ ਸੁੱਟੀ ਜਾਵੇ ਤਾਂ ਇਹ ਮੀਂਹ ਦੇ ਪਾਣੀ ਦੀਆਂ ਨਾਲੀਆਂ ਵਿੱਚ ਦਾਖਲ ਹੋ ਸਕਦੀ ਹੈ।ਇਹਨਾਂ ਨਾਲੀਆਂ ਦਾ ਪਾਣੀ ਬਗੈਰ ਸਾਫ ਕੀਤਿਆਂ ਨਦੀਆਂ, ਨਾਲਿਆਂ ਅਤੇ ਦਰਿਆਵਾਂ ਵਿੱਚ ਚਲਾ ਜਾਂਦਾ ਹੈ। ਸਰੀ ਵਿੱਚ 1500 ਕਿਲੋਮੀਟਰ ਤੋਂ ਵਧੇਰੇ ਲੰਬੇ ਅਜੇਹੇ ਖੁੱਲ੍ਹੇ ਨਦੀਆਂ ਨਾਲੇ ਹਨ, ਜਿਹੜੇ ਪਾਣੀ ਦੇ ਵਹਾਓ ਦਾ ਇੱਕ ਮਹੱਤਵਪੂਰਣ ਸਾਧਨ ਹਨ ਅਤੇ ਜਿਹੜੇ ਸੈਮਨ, ਟਰਾਊਟ ਅਤੇ ਪਾਣੀ ਵਿੱਚ ਰਹਿਣ ਵਾਲੇ ਹੋਰ ਜੀਵਾਂ ਦੇ ਰਹਿਣ ਲਈ ਕੁਦਰਤੀ ਰਿਹਾਇਸ਼ ਪ੍ਰਦਾਨ ਕਰਦੇ ਹਨ।ਮੀਂਹ ਦੇ ਪਾਣੀ ਦੀਆਂ ਨਾਲੀਆਂ ਵਿੱਚ ਦਾਖਲ ਹੁੰਦੀਆਂ ਪ੍ਰਦੂਸ਼ਣ ਵਾਲੀਆਂ ਚੀਜ਼ਾਂ ਮੱਛੀਆਂ ਅਤੇ ਸਾਡੇ ਵਾਤਾਵਰਣ ਲਈ ਜ਼ਹਿਰੀਲੀਆਂ ਹੋ ਸਕਦੀਆਂ ਹਨ।

ਕੰਕਰੀਟ ਪਹੁੰਚਾਉਣ ਜਾਂ ਸੜਕ ਬਣਾਉਣ ਵਾਲੇ ਸਮਾਨ ਦੀ ਵਰਤੋਂ ਤੋਂ ਬਾਅਦ ਆਮ ਤੌਰ ਤੇ ਵਾਧੂ ਚੀਜ਼ ਨੂੰ ਟਰੱਕਾਂ, ਪਾੜਛਿਆਂ ਅਤੇ ਹੋਰ ਸਾਜ਼ੋ ਸਮਾਨ ਤੋਂ ਤੁਰੰਤ ਪਾਣੀ ਨਾਲ ਧੋ ਕੇ ਲਾਹਿਆ ਜਾਂਦਾ ਹੈ ਇਸਤੋਂ ਪਹਿਲਾਂ ਕਿ ਇਹ ਸਖਤ ਹੋ ਜਾਵੇ। ਥਾਂ ਪੱਧਰੀ ਕਰਨ ਵਾਲੀ ਮਸ਼ੀਨਰੀ ਤੋਂ ਸੜਕ ਬਣਾਉਣ ਦਾ ਫਾਲਤੂ ਸਮਾਨ ਲਾਹੁਣ ਲਈ ਆਮ ਤੌਰ ਤੇ ਡੀਜ਼ਲ ਦੀ ਵਰਤੋਂ ਕੀਤੀ ਜਾਂਦੀ ਹੈ।ਕੰਕਰੀਟ ਦੀ ਵਰਤੋਂ ਵਾਲੇ ਕੰਮਾਂ, ਜਿਵੇਂ ਕਿ ਡਰਾਈਵਵੇਅ ਲਈ ਬਜ਼ਰੀ ਆਦਿ, ਕੰਕਰੀਟ ਨੂੰ ਮਨ-ਪਸੰਦ ਦਿੱਖ ਦੇਣ ਲਈ ਇਸਦੀ ਉਪਰਲੀ ਤਹਿ ਨੂੰ ਪਾਣੀ ਨਾਲ ਧੋਂਦੇ ਹਨ।

ਕੰਕਰੀਟ, ਡੀਜ਼ਲ ਅਤੇ ਹੋਰ ਰਸਾਇਣਾਂ ਨੂੰ ਪਾਣੀ ਨਾਲ ਧੋ ਕੇ ਮੀਂਹ ਦੇ ਪਾਣੀ ਦੀਆਂ ਨਾਲੀਆਂ ਵਿੱਚ ਪਾਉਣ ਨਾਲ ਹੇਠ ਲਿਖੀਆਂ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ:

- ਕੰਕਰੀਟ ਸੜਕ ਦੇ ਕਿਨਾਰਿਆਂ, ਗਟਰਾਂ, ਨਾਲੀਆਂ ਅਤੇ ਪਾਈਪਾਂ ਵਿੱਚ ਜੰਮ ਕੇ ਪਾਣੀ ਦੇ ਵਹਾਅ ਨੂੰ ਰੋਕ ਸਕਦੀ ਹੈ ਜਾਂ ਰੁਕਾਵਟ ਪੈਦਾ ਕਰ ਸਕਦੀ ਹੈ ਜਿਸ ਨਾਲ ਹੜ੍ਹ ਆ ਸਕਦਾ ਹੈ।
- ਗੰਦੇ ਪਾਣੀ ਜਾਂ ਕੰਕਰੀਟ ਦੀ ਵਰਤੋਂ ਦੌਰਾਨ ਨਿਕਲੇ ਫਾਲਤੂ ਪਾਣੀ ਨਾਲ ਮੀਂਹ ਦੇ ਪਾਣੀ ਵਿੱਚ ਠੋਸ ਚੀਜ਼ਾਂ ਅਤੇ ਧਾਤਾਂ ਦਾਖਲ ਹੋ ਕੇ ਤੇਜ਼ਾਬ ਦੀ ਮਿਕਦਾਰ ਵੱਧ ਸਕਦੀ ਹੈ ਜਿਸ ਨਾਲ ਨਦੀਆਂ ਨਾਲਿਆਂ ਦੇ ਪਾਣੀ ਵਿੱਚ ਹਾਨੀਕਾਰਕ ਬਦਲਾਅ ਆ ਸਕਦਾ ਹ।
- ਸੜਕ ਬਣਾਉਣ ਵਾਲੇ ਸਮਾਨ ਵਿੱਚ ਜ਼ਹਿਰੀਲੇ ਹਾਇਡਰੋਕਾਰਬਨ, ਹੋਰ ਜ਼ਹਿਰੀਲੇ ਆਰਗੈਨਿਕ ਮਿਸ਼ਰਣਾਂ, ਤੇਲਾਂ ਅਤੇ ਗਰੀਸ ਅਤੇ ਧਾਤਾਂ ਦੀ ਮਿਕਦਾਰ ਬਹੁਤ ਜ਼ਿਆਦਾ ਹੁੰਦੀ ਹੈ।ਸੜਕ ਬਣਾਉਣ ਵਾਲੇ ਸਮਾਨ ਦੀ ਵਰਤੋਂ ਤੋਂ ਛੇਤੀ ਬਾਅਦ ਮੀਂਹ ਦੇ ਪਾਣੀ ਦੇ ਵਹਾਅ ਵਿੱਚ ਇਹਨਾਂ ਮਿਸ਼-ਰਣਾਂ ਦੀ ਮਾਤਰਾ ਇੰਨੀ ਵੱਧ ਹੋ ਸਕਦੀ ਹੈ ਕਿ ਪਾਣੀ ਵਿਚਲੇ ਜੀਵਾਂ ਨੂੰ ਨੁਕਸਾਨ ਹੋ ਸਕਦਾ ਹੈ।

# ਕੰਮ ਕਰਨ ਦੇ ਸਹੀ ਢੰਗ

ਜੇਕਰ ਤੁਸੀਂ ਕੰਕਰੀਟ ਸਪਲਾਈ ਕਰਦੇ ਹੋ ਜਾਂ ਸੜਕ ਬਣਾਉਣ ਦੇ ਸਮਾਨ ਦੀ ਵਰਤੋਂ ਕਰਦੇ ਹੋ ਤਾਂ ਹੇਠ ਲਿਖੇ ਪ੍ਰਬੰਧ ਦੇ ਢੰਗਾਂ ਜਾਂ ਇਹਨਾਂ ਵਰਗੇ ਹੋਰ ਤੌਰ ਤਰੀਕਿਆਂ ਦੀ ਲੋੜ ਹੁੰਦੀ ਹੈ:

ਉਸਾਰੀ ਦੌਰਾਨ

- ਜਿੱਥੇ ਕਿਤੇ ਕੰਕਰੀਟ, ਸੜਕ ਬਣਾਉਣ ਵਾਲੇ ਸਮਾਨ ਜਾਂ ਇਸਦੇ ਪਿਘਲੇ ਹੋਏ ਟੁਕੜਿਆਂ ਜਾਂ ਤੁਪਕਿਆਂ ਦੇ ਬੇਧਿਆਨੀ ਨਾਲ ਹੇਠਾਂ ਡਿੱਗਣ ਦੀ ਸੰਭਾਵਨਾ ਹੋਵੇ, ਜਿਵੇਂ ਕਿ ਮਿਸ਼ਰਣ ਬਣਾਉਣ ਵਾਲੇ ਸਾਜ਼ੋ ਸਮਾਨ ਦੇ ਮੂੰਹ ਦੇ ਹੇਠਾਂ ਤਾਂ ਡਰਿੱਪ ਪੈਨ, ਜ਼ਮੀਨੀ ਕੱਪੜੇ, ਮੋਟੇ ਗੱਤੇ ਜਾਂ ਪਲਾਈਵੁੱਡ ਦੀ ਵਰਤੋਂ ਕਰੋ।
- ਨੇੜੇ ਦੀ ਹਰ ਉਸ ਥਾਂ ਨੂੰ ਢੱਕੋ ਜਿੱਥੇ ਮੀਂਹ ਦਾ ਪਾਣੀ ਜਮ੍ਹਾਂ ਹੁੰਦਾ ਹੈ, ਜਾਂ ਉਸਦੇ ਮੂੰਹ ਨੂੰ ਸੁਰੱਖਿਅਤ ਬਣਾਓ ਜਾਂ ਕਿਸੇ ਹੋਰ ਕਾਰਗਰ ਚੀਜ਼ ਦਾ ਅਜੇਹਾ ਪ੍ਰਬੰਧ ਕਰੋ ਤਾਂ ਜੋ ਉਸਾਰੀ ਅਧੀਨ ਥਾਂ ਦਾ ਫਾਲਤੂ ਪਾਣੀ ਮੀਂਹ ਦੇ ਪਾਣੀ ਦੀਆਂ ਨਾਲੀਆਂ ਵਿੱਚ ਦਾਖਲ ਨਾ ਹੋਵੇ।
- ਕੰਕਰੀਟ ਢੋਣ ਅਤੇ ਪੰਪ ਕਰਨ ਵਾਲੀਆਂ ਗੱਡੀਆਂ ਨੂੰ ਕਿਸੇ ਹਾਲਤ ਵਿੱਚ ਵੀ ਕੰਕਰੀਟ, ਘੋਲ਼ੂਏ ਜਾਂ ਧੋਣ ਵਾਲੇ ਪਾਣੀ ਨੂੰ ਸੜਕ ਦੇ ਗਟਰਾਂ, ਮੀਂਹ ਦੇ ਪਾਣੀ ਦੀਆਂ ਨਾਲੀਆਂ ਜਾਂ ਖਾਈਆਂ ਵਿੱਚ ਜਾਂ ਕਿਸੇ ਸੜਕ ਜਾਂ ਡਰਾਈਵਵੇਅ ਦੀ ਪੱਕੀ ਤਹਿ ਤੇ ਨਹੀਂ ਸੁੱਟਣਾ ਚਾਹੀਦਾ ਜਿੱਥੋਂ ਇਹ ਮੀਂਹ ਦੇ ਪਾਣੀ ਦੀਆਂ ਨਾਲੀਆਂ ਵਿੱਚ ਪਹੁੰਚ ਜਾਵੇ।
- ਜਮ੍ਹਾਂ ਹੋਏ ਕੰਕਰੀਟ, ਗੰਦੇ ਪਾਣੀ, ਬਜਰੀ ਦੇ ਟੁਕੜਿਆਂ ਅਤੇ ਟਹਿਰ ਸੋਲਦਿਸ ਹੋਰ ਠੋਸ ਚੀਜ਼ਾਂ ਨੂੰ ਢੱਕਣ ਵਾਲੀਆਂ ਚੀਜ਼ਾਂ ਨੂੰ ਸਮੇਟਣ ਤੋਂ ਪਹਿਲਾਂ ਸਹੀ ਥਾਂ ਤੇ ਸੁੱਟਣ ਲਈ ਇਕੱਠਾ ਕਰ ਲੈਣਾ ਚਾਹੀਦਾ।
- ਉਸਾਰੀ ਵਾਲੀ ਥਾਂ ਤੇ ਬਜਰੀ ਨੂੰ ਅਜੇਹੀ ਜਗ੍ਹਾ ਤੇ ਪਾਣੀ ਨਾਲ ਸਾਫ ਕਰੋ ਜਿੱਥੇ ਰੇਤ ਨਿੱਕਲਕੇ ਜ਼ਮੀਨ ਵਿਚ ਜਾ ਪਵੇਗੀ ਅਤੇ ਮੀਂਹ ਦੇ ਪਾਣੀ ਦੀ ਨਾਲੀ ਵਿੱਚ ਨਹੀਂ ਪਵੇਗੀ।
- ਜੇਕਰ ਗੰਦੇ ਪਾਣੀ ਨੂੰ ਉਸਾਰੀ ਵਾਲੀ ਥਾਂ ਤੇ ਸਹੀ ਜਗ੍ਹਾ ਨਹੀਂ ਲਿ-ਜਾਇਆ ਜਾ ਸਕਦਾ ਤਾਂ ਇਸਨੂੰ ਇਕੱਠਾ ਕਰਕੇ ਪ੍ਰਵਾਨਿਤ ਤਰੀਕੇ ਨਾਲ ਸੁੱਟਣਾ ਚਾਹੀਦਾ ਹੈ।ਗੰਦੇ ਪਾਣੀ ਨੂੰ ਜਜ਼ਬ ਕਰਨ ਵਾਲੀਆਂ ਚੀਜ਼ਾਂ ਨਾਲ ਕਾਬੂ ਅਤੇ ਇਕੱਤਰ ਕੀਤਾ ਜਾ ਸਕਦਾ ਹੈ।
- ਸੜਕ ਬਣਾਉਣ ਵਾਲਾ ਸਮਾਨ ਮਿਕਸ ਕਰਨ ਵਾਲੀ ਮਸ਼ੀਨਰੀ ਨੂੰ ਬਾਰਿਸ਼ਾਂ ਦੌਰਾਨ ਕਿਸੇ ਛੱਜੇ ਆਦਿ ਹੇਠਾਂ ਢੱਕਣਾ ਚਾਹੀਦਾ ਹੈ ਤਾਂ ਜੋ ਇਸਤੇ ਮੀਂਹ ਨਾ ਪਵੇ।

## ਸਾਫ-ਸਫਾਈ

- ਥਾਂ ਉੱਪਰ ਧੋਣ ਵਾਲੀ ਜਗ੍ਹਾ ਨੀਯਤ ਕਰੋ ਜਿੱਥੇ ਚੀਜ਼ਾਂ ਨੂੰ ਮਿਕਸ ਕਰਨ ਅਤੇ ਉਹਨਾਂ ਦੀ ਵਰਤੋਂ ਕਰਨ ਵਾਲੀ ਮਸ਼ੀਨਰੀ ਦੀ ਸਾਫ ਸਫਾਈ ਕੀਤੀ ਜਾਵੇ।ਇਸ ਧੋਣ ਵਾਲੀ ਜਗ੍ਹਾ ਨੂੰ ਵਾਧੂ ਸਮਾਨ ਅਤੇ ਘੋਲ਼ੂਏ ਨੂੰ ਸੰਭਾਲਣ ਲਈ ਵੀ ਵਰਤਿਆ ਜਾ ਸਕਦਾ ਹੈ।
- ਟਰੱਕਾਂ ਅਤੇ ਸਾਜ਼ੋ ਸਮਾਨ ਨੂੰ ਧੋਆ ਧੁਆਈ ਲਈ ਬੈਚ ਪਲਾਂਟ ਵਿੱਚ ਲਿਜਾਣ ਨੂੰ ਤਰਜੀਹ ਦੇਣੀ ਚਾਹੀਦੀ ਹੈ।
- ਥਾਂ ਉੱਪਰ ਲੋੜ ਨਾਲੋਂ ਵਾਧੂ ਕੰਕਰੀਟ ਨੂੰ ਦੁਬਾਰਾ ਵਰਤੋਂ ਜਾਂ ਰੀਸ-ਾਈਕਲਿੰਗਲਈ ਕੰਕਰੀਟ ਬੈਚ ਪਲਾਂਟ ਤੇ ਵਾਪਸ ਭੇਜਣਾ ਚਾਹੀਦਾ ਹੈ।
- ਸ਼ਾਇਪ ਟਹਏ ਪ੍ਰੋਰਨਿਗ ੳਰਏਓ ੳਟ ਟਹਏ ਏਨਦੇ ਡ ਏਓਚਹ ਦਓ ਰ ਮੋਰਏ ਡਰਏਤੁਏਨਟਲੇ ਡਿ ਨਏਦਦਏਦ ਟੋ ਚੋਲਲੲਚਟ ਲੋਸਏ ੳਗਗਰਏਗੳਟਏ ਚਹੁਨਕਸ ੳਨਦ ਦੁਸਟ. ਧੋ ਨੋਟ ਹੋਸਏ ਦੋਨ ਟਹਏ ੳਰਏਓ ਟੋ ਸਟੋਰਮਾੳਟੲਰ ਦਰੳਨਿਸ.

## ਆਰੇ ਨਾਲ ਕਟਾਈ

- ਆਰੇ ਨਾਲ ਕਟਾਈ ਤੋਂ ਪੈਦਾ ਹੋਏ ਘੋਲ਼ੂਏ ਅਤੇ ਹੇਠਾਂ ਦੀ ਮੈਲ ਨੂੰ ਆਰਜ਼ੀ ਬੰਨ ਜਾਂ ਰੁਸਤੇ ਬਣਾ ਕੇ ਨੇੜੇ ਦੀ ਕੰਮ ਵਾਲੀ ਥਾਂ ਤੇ ਸੀਮਤ ਕਰਨਾ ਚਾਹੀਦਾ ਹੈ।
- ਆਰੇ ਦੀ ਕਟਾਈ ਦੇ ਘੋਲ਼ੂਏ ਨੂੰ ਇਕੱਠਾ ਕਰਕੇ ਥਾਂ ਤੋਂ ਹਟਾਓ। ਆਰੇ ਨਾਲ ਕਟਾਈ ਦੌਰਾਨ ਕਿਸੇ ਵੀ ਚੀਜ਼ ਨੂੰ ਮੀਂਹ ਦੇ ਪਾਣੀ ਦੀਆਂ ਨਾਲੀਆਂ ਵਿੱਚ ਜਾਣ ਤੋਂ ਰੋਕਣ ਲਈ ਨੇੜੇ ਦੀਆਂ ਸਾਰੀਆਂ ਮੀਂਹ ਦੇ ਪਾਣੀ ਦੀਆਂ ਨਾਲੀਆਂ ਨੂੰ ਢੱਕੋ ਜਾਂ ਉਹਨਾਂ ਦੀ ਨਾਕ-ਾਬੰਦੀ ਮਾਰੋ।
- ਕਟਾਈ ਜਾਂ ਰਗੜਾਈ ਤੋਂ ਬਾਅਦ ਫਾਲਤੂ ਕਚਰੇ ਨੂੰ ਕਟਾਈ ਵਾਲੀ ਮਸ਼ੀਨ ਨਾਲ ਲੱਗੇ ਵੈਕੂਅਮ ਦੀ ਮੱਦਦ ਨਾਲ ਚੁੱਕੋ।ਕਚਰੇ ਨੂੰ ਉੱਡ ਕੇ ਪਟੜੀ ਦੇ ਦੂਜੇ ਪਾਸੇ ਨਹੀ ਜਾਣ ਦੇਣਾ ਚਾਹੀਦਾ ਅਤੇ ਨਾ ਹੀ ਇਸਨੂੰ ਪਟੜੀ ਤੇ ਪਿਆ ਰਹਿਣ ਦੇਣਾ ਚਾਹੀਦਾ ਹੈ।ਸੜਕ ਨੂੰ ਸਾਫ ਕਰਨ ਜਾਂ ਥਾਂ ਨੂੰ ਧੋ ਕੇ ਪਾਣੀ ਇਕੱਠਾ ਕਰਨ ਦੀ ਲੋੜ ਪੈ ਸਕਦੀ ਹੈ।
- ਜੇਕਰ ਤੁਸੀਂ ਕਾਂਟ-ਛਾਂਟ, ਕਚਰੇ ਅਤੇ ਧੋਣ ਲਈ ਵਰਤੇ ਪਾਣੀ ਨੂੰ ਇਕੱਠਾ ਕਰਕੇ ਸੁੱਟ ਨਹੀਂ ਸਕਦੇ ਤਾਂ ਬਾਰਿਸ਼ਾਂ ਦੌਰਾਨ ਆਰੇ ਨਾਲ ਕਟਾਈ ਤੋਂ ਗੁਰੇਜ਼ ਕਰੋ।

